


# ReCONNECT

ReCONNECT, ReturnToWorkSA ਵੱਲੋਂ ਮੁਹੱਈਆ ਕਰਵਾਈ ਗਈ ਇਕ ਮੁਫਤ ਸੇਵਾ ਹੈ। ਤੁਹਾਡੀ ਆਮਦਨੀ ਸਹਾਇਤਾ ਦੇ ਬੰਦ ਹੋ ਜਾਣ ਤੇ ਇਹ ਸੇਵਾ ਤੁਹਾਨੂੰ ਸਮਾਜਿਕ ਸੇਵਾਵਾਂ ਨਾਲ ਜੋੜਨ ਵਿਚ ਤੁਹਾਡੀ ਮਦਦ ਕਰ ਸਕਦੀ ਹੈ।

ReCONNECT ਸੇਵਾ 12 ਮਹੀਨਿਆਂ ਤਕ ਉਪਲੱਬਧ ਹੁੰਦੀ ਹੈ। ਇਸ ਦੌਰਾਨ, ReCONNECT ਦਾ ਸਲਾਹਕਾਰ ਤੁਹਾਨੂੰ ਹੇਠ ਲਿਖੇ ਮਸਲਿਆਂ ਬਾਰੇ ਸਹਿਯੋਗ ਸੇਵਾਵਾਂ ਤਕ ਪਹੁੰਚਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ:

- ਪੈਸੇ ਸੰਬੰਧੀ
- ਰਿਹਾਈਸ਼ ਸੰਬੰਧੀ
- ਸਵੈਸੇਵਕ ਬਣਨਾ
- ਕੰਮ ਲੱਭਣ ਵਿਚ ਮਦਦ (ਜਿੱਦਾਂ ਕਿ ਨਿਜੀ ਵੇਰਵਾ (Resume) ਬਨਾਉਣਾ, ਨੌਕਰੀ ਲਈ ਅਰਜ਼ੀ ਪਾਣਾ ਅਤੇ ਕੰਮ ਲੱਭਣ ਦੀਆਂ ਤਕਨੀਕਾਂ)
- ਕੰਮ ਲਈ ਹੋਣ ਵਾਲੇ ਇੰਟਰਵਿਊ ਦੀ ਤਿਅਰੀ (ਜਿੱਦਾਂ ਕਿ ਇੰਟਰਵਿਊ ਤਕਨੀਕਾਂ, ਰੈਫਰੀ (ਤੁਹਾਡੇ ਕੰਮ ਸੰਬੰਧੀ ਹਵਾਲਾ ਦੇਣ ਵਾਲਾ ਵਿਅਕਤੀ))
- ਸਿਖਲਾਈ ਅਤੇ ਵਿਕਾਸ
- ਪਰਿਵਾਰਿਕ ਸਹਾਇਤਾ
- ਘਰ ਰਹਿੰਦੇ ਹੋਏ ਮਦਦ
- ਆਵਾਜਾਈ ਬਾਰੇ

ReCONNECT ਦੇ ਅਧਿਕਾਰੀ ਨਾਲ ਪੰਜਾਬੀ ਵਿਚ ਗੱਲ ਕਰਣ ਦੇ ਲਈ ਦੁਭਾਸ਼ਿਆ ਅਤੇ ਅਨੁਵਾਦ ਕੇਂਦਰ (Interpreting and Translating Centre) ਨੂੰ 1800 280 203 ਤੇ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਕਹੋ ਕਿ ReturnToWorkSA ਨਾਲ 13 18 55 ਤੇ ਸੰਪਰਕ ਕਰਨ। ਇਹ ਦੁਭਾਸ਼ਿਆ ਸੇਵਾ ਤੁਹਾਡੇ ਲਈ ਮੁਫਤ ਵਿਚ ਉਪਲੱਬਧ ਹੈ।